© 2026 IJRTI | Volume 11, Issue 5 May 2026 | ISSN: 2456-3315

# ਪਰੰਪਰਾਗਤ ਕਿੱਤਿਆਂ ਦਾ ਧਾਰਮਿਕ ਪਰਿਪੇਖ

ਪ੍ਰੋ. ਮਨਦੀਪ ਕੌਰ(ਸਹਾਇਕ ਪ੍ਰੋਫੈਸਰ)

ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਅੰਮ੍ਰਿਤਸਰ।

ਈ-ਮੇਲ: buttarmandeep681@gmail.com

ਸਾਰੰਸ਼ (Abstract)

ਇਸ ਖੋਜ-ਪੱਤਰ ਵਿੱਚ ਪਰੰਪਰਾਗਤ ਕਿਤਿਆਂ ਦੇ ਧਾਰਮਿਕ ਪਰਿਪੇਖ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ ਹੈ। ਧਰਮ ਮਨੁੱਖੀ ਜੀਵਨ ਅਤੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਨਿਯਮਬੱਧ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਖੋਜ-ਪੱਤਰ ਦਰਸਾਉਂਦਾ ਹੈ ਕਿ ਵੱਖ-ਵੱਖ ਕਿੱਤੇ ਕਰਨ ਵਾਲੇ ਕਾਰੀਗਰ(ਜਿਵੇਂ ਮੋਚੀ, ਜੁਲਾਹੇ ਅਤੇ ਦਰਜ਼ੀ ਆਦਿ) ਆਪੋ-ਆਪਣੇ ਜਾਤੀ ਪਿਛੋਕੜ ਅਨੁਸਾਰ ਵੱਖ-ਵੱਖ ਧਾਰਮਿਕ ਰਹਿਬਰਾਂ (ਕ੍ਰਮਵਾਰ ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਅਤੇ ਭਗਤ ਨਾਮਦੇਵ ਜੀ) ਵਿੱਚ ਆਸਥਾ ਰੱਖਦੇ ਹਨ। ਪਰ ਇਹਨਾਂ ਵੱਖਰੀਆਂ ਮਾਨਤਾਵਾਂ ਦੇ ਬਾਵਜੂਦ, ਸਾਰੇ ਕਿਰਤੀ ਸਮੂਹਿਕ ਤੌਰ 'ਤੇ ਭਗਵਾਨ ਵਿਸ਼ਵਕਰਮਾ ਨੂੰ ਕਿਰਤ ਅਤੇ ਦਸਤਕਾਰੀ ਦੇ ਸਾਂਝੇ ਦੇਵਤੇ ਵਜੋਂ ਪੂਜਦੇ ਹਨ।

Keywords-ਪੰਜਾਬੀ ਲੋਕ ਧੰਦੇ, ਧਾਰਮਿਕ ਪਰਿਪੇਖ,ਕਿਰਤ ਦਾ ਦੇਵਤਾ, ਦਸਤਕਾਰੀ, ਮਿਥਿਹਾਸਕ ਗ੍ਰੰਥ।

## ਜੀਵਨ ਅਤੇ ਕਿਰਤ ਵਿੱਚ ਧਰਮ ਦੀ ਭੂਮਿਕਾ

ਮਨੁੱਖ ਦੇ ਜੀਵਨ ਵਿੱਚ ਧਾਰਮਿਕ ਆਸਥਾ ਦਾ ਬਹੁਤ ਡੂੰਘਾ ਪ੍ਰਭਾਵ ਹੁੰਦਾ ਹੈ। ਸਾਡੇ ਸਭਿਆਚਾਰਕ ਅਤੇ ਇਖਲਾਕੀ ਮੁੱਲਾਂ ਨੂੰ ਤਰਤੀਬ ਦੇਣ ਅਤੇ ਮਨੁੱਖੀ ਜ਼ਿੰਦਗੀ ਨੂੰ ਨਿਯਮਾਂ ਵਿੱਚ ਬੰਨ੍ਹਣ ਦਾ ਕਾਰਜ ਧਰਮ ਦੁਆਰਾ ਹੀ ਨੇਪਰੇ ਚਾੜ੍ਹਿਆ ਜਾਂਦਾ ਹੈ। ਇਸ ਦਾ ਅਸਰ ਪੰਜਾਬ ਦੇ ਪੇਂਡੂ ਅਤੇ ਰਵਾਇਤੀ ਕੰਮਾਂ-ਕਾਰਾਂ ਵਿੱਚ ਵੀ ਸਾਫ਼ ਨਜ਼ਰ ਆਉਂਦਾ ਹੈ। ਵੱਖ-ਵੱਖ ਕਿੱਤੇ ਕਰਨ ਵਾਲੇ ਕਾਰੀਗਰ ਆਪਣੇ ਇਸ਼ਟਾਂ ਅਨੁਸਾਰ ਧਾਰਮਿਕ ਰਸਮਾਂ ਪੂਰੀਆਂ ਕਰਦੇ ਹਨ, ਪਰ ਸਾਂਝੇ ਤੌਰ 'ਤੇ ਉਹ ਭਗਵਾਨ ਵਿਸ਼ਵਕਰਮਾ ਨੂੰ ਕਿਰਤ ਦਾ ਦੇਵਤਾ ਮੰਨ ਕੇ ਪੂਜਦੇ ਹਨ। ਧਰਮ ਮੂਲ ਰੂਪ ਵਿੱਚ ਇਨਸਾਨੀ ਭਾਵਨਾਵਾਂ ਅਤੇ ਅੰਦਰੂਨੀ ਸ਼ਰਧਾ ਨਾਲ ਜੁੜਿਆ ਹੋਇਆ ਹੈ। ਇਹ ਇੱਕ ਗੁੱਝੀ ਅਤੇ ਅਲੌਕਿਕ ਤਾਕਤ ਹੈ ਜੋ ਬੰਦੇ ਦਾ ਸੰਪਰਕ ਪਾਰਲੌਕਿਕ ਸ਼ਕਤੀਆਂ ਨਾਲ ਕਰਵਾਉਂਦੀ ਹੈ। ਇਹਨਾਂ ਸ਼ਕਤੀਆਂ ਪ੍ਰਤੀ ਸ਼ਰਧਾ, ਤਪ ਅਤੇ ਭਗਤੀ ਮਨੁੱਖ ਨੂੰ ਰੂਹਾਨੀ ਰਸਤੇ ਉੱਤੇ ਤੋਰਨ ਦੇ ਨਾਲ-ਨਾਲ ਉਸਦਾ ਮਾਨਸਿਕ ਤਵਾਜ਼ਨ ਵੀ ਬਣਾਈ ਰੱਖਦੀ ਹੈ। ਧਰਮ ਇਨਸਾਨ ਨੂੰ ਨੇਕ ਜੀਵਨ ਜਿਊਣ ਅਤੇ ਸਮਾਜਿਕ ਨੇਮਾਂ ਅਤੇ ਬੰਦਿਸ਼ਾਂ ਦੀ ਪਾਲਣਾ ਕਰਨ ਦੀ ਤਾਕਤ ਬਖ਼ਸ਼ਦਾ ਹੈ। ਵਿਸ਼ਵਾਸ ਦਾ ਇਕ ਸੰਵੇਦਨਸ਼ੀਲ ਅਤੇ ਭਾਵਨਾਤਮਕ ਅਧਾਰ ਹੁੰਦਾ ਹੈ। ਧਰਮ ਸ਼ਕਤੀ ਤੋਂ ਮਨੁੱਖਆਪ ਸ਼ਰਧਾ, ਪੂਜਾ ਜਾਂ ਭਗਤਾਂ ਰਾਹੀਂ ਆਪਣੇ ਜੀਵਨ ਵਿਚ ਸੁੱਖ ਅਤੇ ਅਗਲੇਰੀ ਦੁਨੀਆਂ ਵਿਚ ਸ਼ਕਤੀ ਦੀ ਲੋਚਾ ਕਰਦਾ ਹੈ। [1]

**ਵੱਖ-ਵੱਖ ਕਿੱਤਿਆਂ ਨਾਲ ਜੁੜੇ ਧਾਰਮਿਕ ਰਹਿਬਰ**

ਹਰ ਕਿੱਤੇ ਦਾ ਆਪਣਾ ਇੱਕ ਧਾਰਮਿਕ ਪਿਛੋਕੜ ਹੁੰਦਾ ਹੈ ਅਤੇ ਕਾਮਿਆਂ ਦੀ ਆਪਣੇ ਕਿੱਤੇ ਨਾਲ ਸਬੰਧਤ ਮਹਾਂਪੁਰਖਾਂ ਵਿੱਚ ਅਥਾਹ ਸ਼ਰਧਾ ਹੁੰਦੀ ਹੈ। ਮੋਚੀ ਦਾ ਕੰਮ ਕਰਨ ਵਾਲੇ ਕਾਮੇ (ਜੋ ਜ਼ਿਆਦਾਤਰ ਚਮਿਆਰ ਬਰਾਦਰੀ ਨਾਲ ਸਬੰਧਤ ਹੁੰਦੇ ਹਨ) ਭਗਤ ਰਵਿਦਾਸ ਜੀ ਨੂੰ ਆਪਣਾ ਆਦਿ ਗੁਰੂ ਮੰਨਦੇ ਹਨ ਅਤੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਅਰਾਧਨਾ ਕਰਦੇ ਹਨ। ਕੱਪੜਾ ਬੁਣਨ ਵਾਲੇ ਜੁਲਾਹੇ (ਜਿਨ੍ਹਾਂ ਨੂੰ ਕਬੀਰਪੰਥੀਏ ਵੀ ਕਿਹਾ ਜਾਂਦਾ ਹੈ) ਭਗਤ ਕਬੀਰ ਜੀ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਆਪਣੇ ਔਜ਼ਾਰਾਂ (ਖੱਡੀਆਂ) ਨੂੰ ਮੱਥਾ ਟੇਕਣ ਦੇ ਨਾਲ-ਨਾਲ ਕਬੀਰ ਜੀ ਦੀ ਪੂਜਾ ਵੀ ਕਰਦੇ ਹਨ। ਦਰਜ਼ੀ ਦਾ ਕਿੱਤਾ ਕਰਨ ਵਾਲੇ ਛੀਂਬਾ ਭਾਈਚਾਰੇ ਦੇ ਲੋਕਾਂ ਦੀ ਧਾਰਮਿਕ ਆਸਥਾ ਭਗਤ ਨਾਮਦੇਵ ਜੀ ਪ੍ਰਤੀ ਰਹੀ ਹੈ। ਇਹ ਕਾਮੇ ਆਪਣੇ ਕੰਮ ਦੀ ਸ਼ੁਰੂਆਤ ਮੌਕੇ ਧੂਫ਼, ਅਗਰਬੱਤੀ ਅਤੇ ਜਲ ਦੀ ਵਰਤੋਂ ਕਰਦੇ ਹਨ ਅਤੇ ਖਾਸ ਮੌਕਿਆਂ 'ਤੇ ਪ੍ਰਸ਼ਾਦ ਵੀ ਵੰਡਦੇ ਹਨ। ਪਰ ਇਹਨਾਂ ਵੱਖ-ਵੱਖ ਮਾਨਤਾਵਾਂ ਦੇ ਬਾਵਜੂਦ, ਸਾਰੇ ਕਿਰਤੀ ਸਮੂਹਿਕ ਤੌਰ 'ਤੇ ਭਗਵਾਨ ਵਿਸ਼ਵਕਰਮਾ ਦੀ ਪੂਜਾ ਜ਼ਰੂਰ ਕਰਦੇ ਹਨ। ਦੀਵਾਲੀ ਤੋਂ ਅਗਲੇ ਦਿਨ ਮਨਾਏ ਜਾਂਦੇ ਵਿਸ਼ਵਕਰਮਾ ਦਿਹਾੜੇ ਉੱਤੇ ਲੁਹਾਰ, ਤਰਖਾਣ, ਰਾਜ ਮਿਸਤਰੀ ਅਤੇ ਹੋਰ ਦਸਤਕਾਰ ਆਪਣੇ ਸੰਦਾਂ ਅਤੇ ਮਸ਼ੀਨਾਂ ਦੀ ਪੂਜਾ ਕਰਦੇ ਹਨ।

**ਭਗਵਾਨ ਵਿਸ਼ਵਕਰਮਾ: ਮਹਾਨ ਸਿਰਜਣਹਾਰ**

ਭਗਵਾਨ ਵਿਸ਼ਵਕਰਮਾ ਨੂੰ ਕਿਰਤ ਅਤੇ ਦਸਤਕਾਰੀ ਦੇ ਮਹਾਨ ਦੇਵਤੇ ਵਜੋਂ ਜਾਣਿਆ ਜਾਂਦਾ ਹੈ। ਲੋਕ ਧਾਰਨਾ ਹੈ ਕਿ ਦੁਨੀਆ ਦੇ ਸਾਰੇ ਸੰਦਾਂ ਦੀ ਰਚਨਾ ਉਨ੍ਹਾਂ ਨੇ ਹੀ ਕੀਤੀ ਹੈ। ਪੁਰਾਤਨ ਗ੍ਰੰਥ 'ਰਿਗਵੇਦ' ਵਿੱਚ ਵੀ ਭਗਵਾਨ ਵਿਸ਼ਵਕਰਮਾ ਜੀ ਦਾ ਜ਼ਿਕਰ ਮਿਲਦਾ ਹੈ। ਸੋਨੇ ਦੀ ਲੰਕਾ ਦਾ ਨਿਰਮਾਣ ਅਤੇ ਦਸਤਕਾਰੀ ਦੇ ਗ੍ਰੰਥ 'ਸਥਾਪਤਯ ਉਪਵੇਦ' ਦੀ ਰਚਨਾ ਵਿਸ਼ਵਕਰਮਾ ਜੀ ਦੁਆਰਾ ਹੀ ਮੰਨੀ ਜਾਂਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਮੁਤਾਬਕ, ਵਿਸ਼ਵਕਰਮਾ ਨੂੰ ਸੰਸਾਰ ਦਾ ਕਰਤਾਰ, ਬ੍ਰਹਮਾ, ਸੂਰਜ ਅਤੇ ਦੇਵਤਿਆਂ ਦਾ ਚੀਫ਼ ਇੰਜੀਨੀਅਰ ਮੰਨਿਆ ਗਿਆ ਹੈ।[2] ਉਹ ਦੇਵਤਿਆਂ ਲਈ ਮਹਿਲ ਅਤੇ ਸ਼ਸਤਰ-ਅਸਤਰ ਤਿਆਰ ਕਰਦੇ ਸਨ। 'ਰਾਮਾਇਣ' ਮੁਤਾਬਕ, ਜਦੋਂ ਵਿਸ਼ਵਕਰਮਾ ਦੀ ਧੀ ਸੰਜਨਾ ਆਪਣੇ ਪਤੀ ਸੂਰਜ ਦਾ ਤੇਜ ਸਹਾਰ ਨਾ ਸਕੀ, ਤਾਂ ਵਿਸ਼ਵਕਰਮਾ ਨੇ ਖ਼ਰਾਦ 'ਤੇ ਚਾੜ੍ਹ ਕੇ ਸੂਰਜ ਦਾ ਅੱਠਵਾਂ ਹਿੱਸਾ ਛਿੱਲ ਦਿੱਤਾ। ਇਸ ਛਿੱਲੜ ਤੋਂ ਉਨ੍ਹਾਂ ਨੇ ਵਿਸ਼ਨੂੰ ਦਾ ਚੱਕਰ, ਸ਼ਿਵ ਦਾ ਤ੍ਰਿਸ਼ੂਲ ਅਤੇ ਕਾਰਤਿਕੇਯ ਦੀ ਬਰਛੀ ਸਮੇਤ ਕਈ ਹਥਿਆਰ ਬਣਾਏ। ਜਗਨਨਾਥ ਦਾ ਬੁੱਤ ਵੀ ਉਨ੍ਹਾਂ ਦੀ ਕਾਰੀਗਰੀ ਦਾ ਕਮਾਲ ਮੰਨਿਆ ਜਾਂਦਾ ਹੈ। 'ਹਿੰਦੂ ਮਿਥਿਹਾਸ ਕੋਸ਼' ਅਨੁਸਾਰ, ਵਿਸ਼ਵਕਰਮਾ ਦਾ ਅਰਥ 'ਸਰਬ ਕਰਤਾ' ਹੈ ਅਤੇ ਰਿਗਵੇਦ ਵਿੱਚ ਉਨ੍ਹਾਂ ਨੂੰ ਚਾਰੇ ਪਾਸੇ ਅੱਖਾਂ, ਮੂੰਹ ਅਤੇ ਬਾਹਾਂ ਵਾਲਾ 'ਸਰਬਦਰਸ਼ੀ ਦੇਵਤਾ' ਕਿਹਾ ਗਿਆ ਹੈ ਜਿਸ ਦੇ ਹਰ ਪਾਸੇ ਤੇ ਅੱਖਾਂ, ਮੂੰਹ, ਬਾਹਾਂ ਅਤੇ ਖੰਭਾਂ ਨਾਲ ਹਵਾ ਦਿੰਦਾ ਹੈ। ਇਹਨਾਂ ਸਾਰਿਆਂ ਨੂੰ ਜਨਮ ਦੇਣ ਵਾਲਾ ਅਤੇ ਨਾਸ਼ ਕਰਨ ਵਾਲਾ ਸਾਰੀ ਖਲਕਤ ਨੂੰ ਜਾਣਦਾ ਹੈ।[3]

**ਕੁਰਬਾਨੀ ਦੇ ਦੇਵਤੇ ਅਤੇ ਹੋਰ ਨਾਮ**

ਵਿਸ਼ਵਕਰਮਾ ਜੀ ਦੀ ਪਛਾਣ ਸਿਰਫ਼ ਇੱਕ ਉਸਾਰੀਘਾੜੇ ਵਜੋਂ ਹੀ ਨਹੀਂ, ਸਗੋਂ ਕੁਰਬਾਨੀ ਦੇ ਦੇਵਤੇ ਵਜੋਂ ਵੀ ਹੈ। 'ਨਿਰੁਕਤ' ਦੀ ਇੱਕ ਕਥਾ ਮੁਤਾਬਕ, ਉਨ੍ਹਾਂ ਨੇ 'ਸਰਵਮੇਧ' (ਆਮ ਕੁਰਬਾਨੀ) ਨਾਮਕ ਯੱਗ ਵਿੱਚ ਸਭ ਤੋਂ ਪਹਿਲਾਂ ਸਾਰੇ ਸੰਸਾਰਾਂ ਨੂੰ ਪੇਸ਼ ਕੀਤਾ ਅਤੇ

ਅੰਤ ਵਿੱਚ ਆਪਣੀ ਬਲੀ ਦੇ ਦਿੱਤੀ। 'ਮਹਾਂਭਾਰਤ' ਵਿੱਚ ਉਨ੍ਹਾਂ ਨੂੰ 'ਕਲਾਪਤੀ' ਅਰਥਾਤ ਹਜ਼ਾਰਾਂ ਕਲਾਵਾਂ ਚਲਾਉਣ ਵਾਲਾ ਅਤੇ ਗਹਿਣੇ ਘੜਨ ਵਾਲਾ ਕਿਹਾ ਗਿਆ ਹੈ। ਉਨ੍ਹਾਂ ਦੀ ਅਦਭੁਤ ਸਿਰਜਣਾ ਸ਼ਕਤੀ ਕਾਰਨ ਉਨ੍ਹਾਂ ਨੂੰ 'ਪ੍ਰਜਾਪਤੀ' (ਪਰਜਾ ਦਾ ਪਾਲਕ), 'ਕਾਰੂ', 'ਕਾਮਾ', 'ਤਕਸ਼ਕ', 'ਦੇਵਵਰਧਿਕ' ਅਤੇ 'ਸੁੱਧਨਵਨ' (ਚੰਗਾ ਧਨੁੱਖ ਰੱਖਣ ਵਾਲਾ) ਵਰਗੇ ਨਾਵਾਂ ਨਾਲ ਵੀ ਸਤਿਕਾਰਿਆ ਜਾਂਦਾ ਹੈ। ਰਵਾਇਤੀ ਤਸਵੀਰਾਂ ਵਿੱਚ ਭਗਵਾਨ ਵਿਸ਼ਵਕਰਮਾ ਦੀਆਂ ਚਾਰ ਬਾਹਾਂ ਦਰਸਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਉਨ੍ਹਾਂ ਨੇ ਮਾਲਾ, ਲਿਖਤੀ ਕਾਗਜ਼, ਵਲੇਟਿਆ ਹੋਇਆ ਕਾਗਜ਼ ਅਤੇ ਪਾਣੀ ਵਾਲਾ ਡੋਲ ਫੜਿਆ ਹੁੰਦਾ ਹੈ। ਉਨ੍ਹਾਂ ਦੇ ਸਿੰਘਾਸਨ ਦੁਆਲੇ ਕਈ ਤਰ੍ਹਾਂ ਦੇ ਔਜ਼ਾਰ ਲੱਗੇ ਹੁੰਦੇ ਹਨ ਜੋ ਉਨ੍ਹਾਂ ਨੂੰ ਕਿਰਤ ਦੇ ਦੇਵਤੇ ਵਜੋਂ ਸਥਾਪਿਤ ਕਰਦੇ ਹਨ। ਭਾਵੇਂ ਹਰ ਕਿਰਤੀ ਦੀ ਆਪਣੇ ਧਰਮ ਦੇ ਅਨੁਸਾਰ ਵੱਖਰੀ ਆਸਥਾ ਹੁੰਦੀ ਹੈ, ਪਰ ਇੱਕ ਕਿਰਤੀ ਸਮੂਹ ਵਜੋਂ ਭਗਵਾਨ ਵਿਸ਼ਵਕਰਮਾ ਹੀ ਸਾਰੇ ਧੰਦਾਕਾਰਾਂ ਦੇ ਸਾਂਝੇ ਅਤੇ ਮਹੱਤਵਪੂਰਨ ਇਸ਼ਟ ਹਨ।

**ਹਵਾਲੇ**


1. ਡਾ. ਸੁਖਦੇਵ ਸਿੰਘ, ਪੇਂਡੂ ਸਮਾਜ ਵਿਗਿਆਨ, ਪੰਨਾ-57
2. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ-1095
3. ਜੋਨ ਡੌਸਨ, ਹਿੰਦੂ ਮਿਥਿਹਾਸ ਕੋਸ਼, ਪੰਨਾ-520